ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:),ਪੰਜਾਬ
ਈ-ਬਲਾਕ, ਚੌਥੀ ਮੰਜਿਲ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ
(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:),
ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ
ਮੀਮੋ ਨੰ: 6/3-2017 ਵਜੀਫਾ(6)
ਮਿਤੀ: 10-08-2017

ਵਿਸ਼ਾ:- ਵਿਦਿਅਕ ਸੈਸ਼ਨ 2017-18 ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਵਿੱਚ **epunjabschool.gov.in** ਤੇ ਅਪਲਾਈ ਕਰਨ ਦੀ ਮਿਤੀ ਵਿੱਚ ਵਾਧਾ ਕਰਨ ਸਬੰਧੀ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ: 6/3-2017 ਵਜੀਫਾ(6) ਮਿਤੀ 05-07-2017 ਅਤੇ 28-07-2017 ਸਬੰਧੀ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿਦਿਅਕ ਸੈਸ਼ਨ 2017-18 ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਵਿੱਚ ਅਪਲਾਈ ਕਰਨ ਲਈ ਈ-ਪੰਜਾਬ ਪੋਰਟਲ ਖੋਲ੍ਹਿਆ ਗਿਆ ਸੀ। ਪੋਰਟਲ ਵਿੱਚ ਅਪਲਾਈ ਕਰਨ ਦੀ ਮਿਤੀ ਵਿੱਚ ਵਾਧਾ ਹੇਠਾਂ ਦਰਸਾਏ ਸ਼ਡਿਊਲ ਅਨੁਸਾਰ ਕੀਤਾ ਜਾਂਦਾ ਹੈ।

**Activity Schedule to apply in various pre matric scholarship scheme on epunjab portal for the academic session 2017-18**

| | | |
|---|---|---|
| **1.** | **Opening of Portal** | **10 July, 2017** |
| **2.** | **Extension in last date for submission of online applications** | **20 August,2017** |
| **3.** | **Extension in Last date for the Schools to approve and forward online data to district** | **20 August,2017** |
| **4.** | **Extension in last date for the schools to correct temporary rejections and forward online data to district** | **30 August,2017** |
| **5** | **Extension in last date of Districts to approve and forward online data to state** | **30 August** |

ਇਸ ਤੋਂ ਇਲਾਵਾ ਪੋਰਟਲ ਤੇ ਸਟੇਟਸ ਚੈੱਕ ਕਰਨ ਤੇ ਇਹ ਦੇਖਣ ਵਿੱਚ ਆਇਆ ਹੈ ਕਿ:-

1. ਪੋਰਟਲ ਤੇ ਸਟੇਟਸ ਚੈੱਕ ਕਰਨ ਤੇ ਇਹ ਦੇਖਣ ਵਿੱਚ ਆਇਆ ਹੈ ਕਿ ਸਕੂਲ ਪੱਧਰ ਤੇ ਬਹੁਤ ਸਾਰਾ ਡਾਟਾ ਪੈਂਡਿੰਗ ਹੈ, ਜੋ ਸਕੂਲਾਂ ਵੱਲੋਂ ਅਪਰੂਵ ਕਰਕੇ ਜਿਲ੍ਹਾ ਪੱਧਰ ਨੂੰ ਫਾਰਵਰਡ ਕੀਤਾ ਜਾਣਾ ਹੈ।
2. ਜਿਹੜਾ ਡਾਟਾ ਸਕੂਲਾਂ ਵੱਲੋਂ ਜਿਲ੍ਹਿਆਂ ਨੂੰ ਫਾਰਵਰਡ ਕੀਤਾ ਜਾ ਚੁੱਕਾ ਹੈ, ਉਹ ਵੀ ਜਿਲ੍ਹਾ ਪੱਧਰ ਤੇ ਪੈਂਡਿੰਗ ਸ਼ੋਅ ਹੋ ਰਿਹਾ ਹੈ।

ਇਸ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੰਮ ਨੂੰ ਸਮੇਂ ਸਿਰ ਮੁਕੰਮਲ ਕਰਨ ਹਿੱਤ ਕੰਮ ਵਿੱਚ ਤੇਜੀ ਲਿਆਈ ਜਾਵੇ ਅਤੇ ਵੱਖ-ਵੱਖ ਪੱਧਰ ਤੇ ਪੈਂਡਿੰਗ ਡਾਟੇ ਨੂੰ ਨਾਲ-ਨਾਲ ਹੀ ਫਾਰਵਰਡ ਵੀ ਕੀਤਾ ਜਾਵੇ।

ਨੋਟ:- ਇਸ ਤੋਂ ਬਾਅਦ ਪੋਰਟਲ ਦੀ ਮਿਤੀ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ।

10/8/17

ਵਿਸ਼ੇਸ਼ ਕਾਰਜ ਅਫਸਰ(ਵਜੀਫਾ)